# ਧੋਨੀ ਨੂੰ 'ਤਮੀਜ਼' ਸਿਖਾਏਗਾ ਰਣਬੀਰ

ਨਵੀਂ ਦਿੱਲੀ, 31 ਅਗਸਤ (ਭਾਸ਼ਾ)- ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਤੇ ਬਾਲੀਵੁੱਡ ਸਟਾਰ ਰਣਬੀਰ ਕਪੂਰ ਅਗਲੇ ਮਹੀਨੇ ਸ੍ਰੀਲੰਕਾ 'ਚ ਹੋਣ ਵਾਲੇ ਟੀ-20 ਵਿਸ਼ਵ ਕੱਪ ਤੋਂ ਪਹਿਲਾਂ ਪੈਪਸੀ ਦੇ ਨਵੇਂ ਵਿਗਿਆਪਨ 'ਚ ਇਕੱਠੇ ਨਜ਼ਰ ਆਉਣਗੇ। ਕੰਪਨੀ ਨੇ ਇਕ ਬਿਆਨ 'ਚ ਕਿਹਾ ਕਿ ਇਹ ਵਿਗਿਆਪਨ ਭਾਰਤ ਦੇ ਨੌਜਵਾਨ ਟੀ-20 ਕ੍ਰਿਕਟ ਪ੍ਰੇਮੀਆਂ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਟੀ-20 ਫਾਰਮੈਟ ਦੀ ਗੈਰ-ਪ੍ਰੰਪਰਿਕ ਖੇਡ ਪਸੰਦ ਆਉਂਦੀ ਹੈ। ਕ੍ਰਿਕਟ ਦਾ ਸ਼ੌਕੀਨ ਰਣਬੀਰ ਇਸ 'ਚ ਧੋਨੀ, ਵਿਰਾਟ ਕੋਹਲੀ ਤੇ ਸੁਰੇਸ਼ ਰੈਨਾ ਨੂੰ ਟੀ-20 ਪ੍ਰਸ਼ੰਸਕਾਂ ਦੇ ਜਨੂੰਨ ਦਾ ਨਮੂਨਾ ਦਿਖਾਉਂਦਾ ਹੈ। ਵਿਗਿਆਪਨ ਦੀ ਸ਼ੁਰੂਆਤ ਕ੍ਰਿਕਟਰਾਂ ਨੂੰ ਲੈ ਕੇ ਜਾ ਰਹੀ ਬੱਸ ਤੋਂ ਹੁੰਦੀ ਹੈ ਜੋ ਭੀੜ ਭਰੇ ਇਲਾਕੇ 'ਚ ਖਰਾਬ ਹੋ ਜਾਂਦੀ ਹੈ। ਰਣਬੀਰ ਬੱਸ ਦੇ ਉੱਪਰ ਆਉਂਦਾ ਹੈ ਤੇ ਕ੍ਰਿਕਟਰਾਂ ਨਾਲ ਗੱਲਬਾਤ ਸ਼ੁਰੂ ਕਰਦਾ ਹੈ। ਫਿਰ ਕੁਝ ਕ੍ਰਿਕਟ ਪ੍ਰੇਮੀ ਵੀ ਆ ਕੇ ਕ੍ਰਿਕਟਰਾਂ ਨੂੰ ਟੀ-20 ਕ੍ਰਿਕਟ ਤੇ ਉਨ੍ਹਾਂ ਦੀਆਂ ਮਨਪਸੰਦ ਸ਼ਾਟਾਂ ਬਾਰੇ ਦੱਸਦੇ ਹਨ। ਕ੍ਰਿਕਟ ਪ੍ਰੇਮੀਆਂ ਦੇ ਤੌਰ-ਤਰੀਕੇ ਦੇਖ ਕੇ ਧੋਨੀ ਆਖਿਰਕਾਰ ਰਣਬੀਰ ਤੋਂ ਪੁੱਛਦਾ ਹੈ, 'ਯਾਰ, ਇਹ ਕੀ ਤਮੀਜ਼ ਹੈ'। ਇਸ 'ਤੇ ਰਣਬੀਰ ਕਹਿੰਦਾ ਹੈ, 'ਇਹ ਟੀ-20 ਹੈ ਬੌਸ, ਨਾ ਤਮੀਜ਼ ਨਾਲ ਖੇਡੀ ਜਾਂਦੀ ਹੈ' ਤੇ ਕ੍ਰਿਕਟ ਪ੍ਰੇਮੀ ਕਹਿੰਦਾ ਹੈ, 'ਨਾ ਤਮੀਜ਼ ਨਾਲ ਦੇਖੀ ਜਾਂਦੀ ਹੈ।'